The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644



The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News








02 January 2020 Daily, editornztasveer@gmail.com designnztasveer@gmail.com Ph/Fax: 09 390 4644


## ਨਿਊਜ਼ੀਲੈਂਡ 'ਚ ਸੜਕਾਂ 'ਤੇ ਮਰਨ ਵਾਲਿਆਂ ਦੀ ਗਿਣਤੀ ਦੋ ਸਾਲਾਂ ਨਾਲੋ 2019 'ਚ ਸਭ ਤੋਂ ਘੱਟ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ 'ਚ ਪਿਛਲੇ ਦੋ ਸਾਲ ਪਹਿਲਾਂ ਦੀ ਤੁਲਨਾ ਵਿਚ 2019 ਵਿਚ ਸੜਕ 'ਤੇ ਸਭ ਤੋਂ ਘੱਟ ਮੌਤਾਂ ਹੋਈਆਂ ਹਨ।11 ਨਿਊਜ਼ੀਲੈਂਡ ਨੇ ਇਹ ਅੰਕੜੇ ਜ਼ਾਹਰ ਕੀਤੇ ਹਨ ਜੋ ਦੱਸਦੇ ਹਨ ਕਿ ਪਿਛਲੇ ਸਾਲ ਹਾਦਸਿਆਂ ਵਿਚ 353 ਲੋਕਾਂ ਦੀ ਮੌਤ ਹੋਈ ਹੈ, ਜੋ ਪਿਛਲੇ ਦੋ ਸਾਲਾਂ ਨਾਲੋਂ 24 ਮੌਤਾਂ ਘੱਟ ਹਨ। ਸਾਲ 2018 ਵਿਚ, 377 ਲੋਕਾਂ ਦੀ ਸੜਕ 'ਤੇ ਮੌਤ ਹੋ ਗਈ, ਜਦੋਂ ਕਿ 2017 ਵਿਚ ਮਰਨ ਵਾਲਿਆਂ ਦੀ ਗਿਣਤੀ 378 ਸੀ। 2015 ਵਿਚ ਸਿਰਫ 319 ਜਾਨਾਂ ਗਈਆਂ ਸਨ। ਏਏ ਦੇ ਜਨਰਲ ਮੈਨੇਜਰ ਮਾਈਕ ਨੇ ਕਿਹਾ 2019 ਵਿੱਚ ਸੜਕੀ ਹਾਦਸਿਆਂ 300 ਲੋਕ ਮਾਰੇ ਗਏ ਜੋ ਕਿ ਪਿਛਲੇ ਸਾਲਾਂ ਨਾਲੋਂ ਕੁੱਝ ਘੱਟ ਹਨ।

## ਨਵੇਂ ਸਾਲ 'ਚ ਨਿੱਜੀ ਖੇਤਰ 'ਚ ਪੈਦਾ ਹੋਣਗੀਆਂ 7 ਲੱਖ ਨੌਕਰੀਆਂ




ਨਿੱਜੀ ਖੇਤਰ ਦੀਆਂ ਕੰਪਨੀਆਂ 'ਚ ਨਵੇਂ ਸਾਲ (2020) ਦੌਰਾਨ 7 ਲੱਖ ਨੌਕਰੀਆਂ ਪੈਦਾ ਹੋਣ ਦਾ ਅੰਦਾਜ਼ਾ ਹੈ। ਨਿੱਜੀ ਖੇਤਰ ਦੀਆਂ ਕੰਪਨੀਆਂ ਦੀ ਤਨਖਾਹ 'ਚ ਵੀ ਇਸ ਦੌਰਾਨ ਕਰੀਬ 8 ਫੀਸਦੀ ਵਾਧੇ ਦੀ ਉਮੀਦ ਹੈ। ਮਾਈ ਹਾਇਰਿੰਗ ਕਲੱਬ ਡਾਟਕਾਮ ਅਤੇ ਸਰਕਾਰੀ ਨੌਕਰੀ ਡਾਟ ਇਨਫੋ ਦੇ ਰੋਜ਼ਗਾਰ ਰੁਝਾਨ ਸਰਵੇਖਣ (ਐੱਮ. ਐੱਸ. ਈ. ਟੀ. ਐੱਸ.) 2020 'ਚ ਸੰਕੇਤ ਦਿੱਤਾ ਗਿਆ ਹੈ ਕਿ ਜ਼ਿਆਦਾਤਰ ਇੰਪਲਾਇਰ ਭਰਤੀ ਯੋਜਨਾਵਾਂ ਨੂੰ ਲੈ ਕੇ ਆਸ਼ਾਵਾਦੀ ਹਨ। ਰੋਜ਼ਗਾਰ ਸਬੰਧੀ ਸਲਾਹ ਦੇਣ ਵਾਲੀ ਫਰਮ ਦੇ ਸੀ. ਈ. ਓ. ਰਾਜੇਸ਼ ਕੁਮਾਰ ਨੇ ਕਿਹਾ, "ਨਵੇਂ ਕੈਲੰਡਰ ਸਾਲ 2020 'ਚ ਕਰੀਬ 7 ਲੱਖ ਨੌਕਰੀਆਂ ਪੈਦਾ ਹੋਣ ਦੀ ਉਮੀਦ ਹੈ। ਸਟਾਰਟਅਪ ਕੰਪਨੀਆਂ ਰੋਜ਼ਗਾਰ ਸਿਰਜਣ 'ਚ ਸਭ ਤੋਂ ਅੱਗੇ ਵਧ ਕੇ ਯੋਗਦਾਨ ਦੇਣਗੀਆਂ। ਸਟਾਰਟਅਪ ਕੰਪਨੀਆਂ ਦੇ ਹਰ ਖੇਤਰ 'ਚ ਸਭ ਤੋਂ ਜ਼ਿਆਦਾ ਨੌਕਰੀਆਂ ਪੈਦਾ ਹੋਣ ਦਾ ਅੰਦਾਜ਼ਾ ਹੈ।" ਇਸ ਸਰਵੇਖਣ 'ਚ 42 ਪ੍ਰਮੁੱਖ ਸ਼ਹਿਰਾਂ ਦੇ 12 ਉਦਯੋਗ ਖੇਤਰਾਂ ਦੀਆਂ 4278 ਕੰਪਨੀਆਂ ਨੂੰ ਸ਼ਾਮਲ ਕੀਤਾ ਗਿਆ। ਰੋਜ਼ਗਾਰ ਸਿਰਜਣ ਵਾਲੇ ਚੋਟੀ ਦੇ ਸਥਾਨਾਂ 'ਚ ਬੇਂਗਲੁਰੂ, ਮੁੰਬਈ, ਦਿੱਲੀ-ਐੱਨ. ਸੀ. ਆਰ., ਚੇਨਈ, ਕੋਲਕਾਤਾ, ਹੈਦਰਾਬਾਦ, ਅਹਿਮਦਾਬਾਦ ਅਤੇ ਪੁਣੇ ਸ਼ਾਮਲ ਹਨ।

## ਵਲਿੰਗਟਨ ਅਤੇ ਕ੍ਰਾਈਸਚਰਚ ਵਿਚ ਜਨਮੇ ਬੱਚੇ ਹਨ ਇਸ ਸਾਲ ਨਿਊਜੀਲੈਂਡ ਦੇ ਪਹਿਲੇ ਬੱਚੇ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਵਲਿੰਗਟਨ ਵਿਚ ਅਰਮਾਨ ਗੌਰਵ ਅਤੇ ਕ੍ਰਾਈਸਚਰਚ ਵਿਚ ਜੌਨ ਵੇਂਗ ਇਸ ਸਾਲ ਵਿਚ ਪੈਦਾ ਹੋਏ ਪਹਿਲੇ ਦੋ ਬੱਚੇ ਸਨ। ਬੇਬੀ ਜੌਨ ਵੇਂਗ ਦੁਨੀਆਂ ਵਿਚ ਆਉਣਣ ਲਈ ਇੰਤਜ਼ਾਰ ਨਹੀਂ ਕਰ ਸਕਿਆ, ਕਿਉਂਕਿ ਉਹ ਇਕ ਪੂਰਾ ਹਫਤਾ ਜਲਦੀ ਪੈਦਾ ਹੋਇਆ ਹੈ। ਉਸ ਦੇ ਪਿਤਾ ਡਾਂਗ ਵੇਂਗ ਹੱਸਦੇ ਦੱਸਿਆ ਕਿ ਕੱਲ੍ਹ ਦੁਪਹਿਰ ਬੱਚੇ ਦੀ ਮਾਂ ਮਹਿਸੂਸ ਕਰ ਰਹੀ ਸੀ ਕਿ ਸ਼ਾਇਦ ਅੱਜ ਰਾਤ ਬੱਚੇ ਦਾ ਆਉਣਾ ਹੋਵੇ। ਅਸੀਂ ਪਹਿਲਾਂ ਰਾਤ ਦਾ ਖਾਣਾ ਖਾਧਾ ਉਸ ਤੋਂ ਬਾਅਦ ਹਸਪਤਾਲ ਗਏ ਇਸ ਤੋਂ ਕੁਝ ਘੰਟਿਆਂ ਬਾਅਦ, 12.42 ਵਜੇ, ਐਂਜੇਲਾ ਵੇਂਗ ਨੇ ਕੁਦਰਤੀ ਤੌਰ 'ਤੇ ਬੱਚੇ ਨੂੰ ਜਨਮ ਦਿੱਤਾ। ਮੈਂ ਹਰ ਚੀਜ਼ ਦੀ ਕਦਰ ਕਰਦਾ ਹਾਂ।

ਅਰਮਾਨ ਗੌਰਵ ਦੇ ਪਿਤਾ ਅਤਿਤ ਗੌਰਵ ਨੇ ਕਿਹਾ, "ਅਸੀਂ 2019 ਦੇ ਅੰਤ ਤੋਂ ਕੁਝ ਦਿਨ ਪਹਿਲਾਂ ਇਸ ਦੇ ਆਉਣ ਦੀ ਉਮੀਦ ਕਰ ਰਹੇ ਸੀ ਪਰ ਆਖਰਕਾਰ ਉਹ ਨਵੇਂ ਸਾਲ ਦੇ ਪਹਿਲੇ ਦਿਨ 2020 ਚ ਆਇਆ।

## ਆਕਲੈਂਡ ਦੇ ਉੱਤਰ 'ਚ, Kairapa Coast ਹਾਈਵੇਅ 'ਤੇ ਹਾਦਸੇ 'ਚ ਵਿਅਕਤੀ ਦੀ ਮੌਤ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ ਦੇ ਉੱਤਰ ਵਿਚ ਵੈਲਸਫੋਰਡ ਵਿਖੇ Kairapa Coast ਹਾਈਵੇਅ ਤੇ ਹਾਦਸੇ ਤੋਂ ਬਾਅਦ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਇਸ ਹਾਦਸੇ ਵਿੱਚ ਇੱਕ ਦੂਸਰਾ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ, ਜਿਸਦੀ ਜਾਣਕਾਰੀ ਸ਼ਾਮ 5 ਵਜੇ ਤੋਂ ਬਾਅਦ ਦਿੱਤੀ ਗਈ।ਤੀਜੇ ਵਿਅਕਤੀ ਨੂੰ ਮਾਮੂਲੀ ਸੱਟਾਂ ਲੱਗੀਆਂ। ਕਰੈਸ਼ ਹੋਣ ਕਾਰਨ ਹਾਈਵੇਅ ਬੰਦ ਰਿਹਾ ਹੈ ਅਤੇ ਪੋਰਟ ਐਲਬਰਟ ਰੋਡ ਅਤੇ ਟੂਆਹੋਆ ਰੋਡ ਤੇ ਥਾਂ-ਥਾਂ ਡਾਈਵਰਸਨ ਹਨ।

## ਨਿਊਜੀਲੈਂਡ 'ਚ ਨਵੇਂ ਸਾਲ ਦੀ ਸ਼ਾਮ ਐਮਰਜੈਂਸੀ ਵਿਭਾਗ ਲਈ ਰੁਝੀਆਂ ਸ਼ਾਮਾਂ ਵਿੱਚੋਂ ਇੱਕ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਦੀ ਐਮਰਜੈਂਸੀ ਸੇਵਾ ਲਈ ਨਵੇਂ ਸਾਲ ਦਾ ਆਯੋਜਨ ਸਾਲ ਦੀਆਂ ਸਭ ਤੋਂ ਰੁਝੀਆਂ ਹੋਈਆਂ ਰਾਤ ਵਿੱਚੋਂ ਇੱਕ ਸਾਬਿਤ ਹੋਇਆ ਹੈ। St John ਐਂਬੂਲੈਂਸ ਨੇ ਪੰਜ ਘੰਟਿਆਂ ਵਿਚ 300 ਤੋਂ ਵੱਧ ਕਾਲਾਂ ਸੁਣੀਆਂ ਅਤੇ ਪੁਲਿਸ ਨੂੰ ਵਾਧੂ ਸਟਾਫ ਦੀ ਲੋੜ ਪਈ। ਪੁਲਿਸ ਦਾ ਕਹਿਣਾ ਹੈ ਕਿ ਜਿਆਦਾਤਰ ਕਾਲਾਂ ਉਨਾਂ ਲੋਕਾਂ ਬਾਰੇ ਸਨ ਜੋ ਨਵੇਂ ਸਾਲ ਦੇ ਜਸ਼ਨਾ ਤੋਂ ਬਾਅਦ ਘਰ ਨਹੀਂ ਮੁੜੇ ਸਨ। ਕਈਂ ਕਾਲਾਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸ਼ਰਾਬ ਪੀਣ ਨਾਲ ਸਬੰਧਤ ਸਨ।





